ਭਗਤ ਕਬੀਰ - ਸਬਦ ੧੫

ਉਪਜੈ ਨਿਪਜੈ ਨਿਪਜਿ ਸਮਾਈ ॥

ਰਾਗੁ ਗਉੜੀ, ਭਗਤ ਕਬੀਰ, ਗੁਰੂ ਗ੍ਰੰਥ ਸਾਹਿਬ, ੩੨੫

ਉਪਜੈ ਨਿਪਜੈ ਨਿਪਜਿ ਸਮਾਈ ॥
ਨੈਨਹ ਦੇਖਤ ਇਹੁ ਜਗੁ ਜਾਈ ॥੧॥
ਲਾਜ ਨ ਮਰਹੁ ਕਹਹੁ ਘਰੁ ਮੇਰਾ ॥
ਅੰਤ ਕੀ ਬਾਰ ਨਹੀ ਕਛੁ ਤੇਰਾ ॥੧॥ ਰਹਾਉ ॥
ਅਨਿਕ ਜਤਨ ਕਰਿ ਕਾਇਆ ਪਾਲੀ ॥
ਮਰਤੀ ਬਾਰ ਅਗਨਿ ਸੰਗਿ ਜਾਲੀ ॥੨॥
ਚੋਆ ਚੰਦਨੁ ਮਰਦਨ ਅੰਗਾ ॥
ਸੋ ਤਨੁ ਜਲੈ ਕਾਠ ਕੈ ਸੰਗਾ ॥੩॥
ਕਹੁ ਕਬੀਰ ਸੁਨਹੁ ਰੇ ਗੁਨੀਆ ॥
ਬਿਨਸੈਗੋ ਰੂਪੁ ਦੇਖੈ ਸਭ ਦੁਨੀਆ ॥੪॥੧੧॥

ਸਾਰ: ਮਲਕੀਅਤ ਇਕ ਭਰਮ ਹੈ ਜੋ ਸਾਨੂੰ ਲਗਾਵ ਵਿਚ ਫਸਾਉਂਦੀ ਹੈ। ਭਾਵੇਂ ਦੁਨੀਆਂ ਠੋਸ ਦਿਖਾਈ ਦਿੰਦੀ ਹੈ, ਪਰ ਹਰ ਵਸਤ ਲਗਾਤਾਰ ਬਦਲ ਰਹੀ ਹੈ, ਜਿਵੇਂ ਹੀ ਅਸੀਂ ਇਸਨੂੰ ਨਿਹਾਰਦੇ ਹਾਂ, ਵਲੀਨ ਹੋ ਜਾਂਦੀ ਹੈ। ਅਸੀਂ ਆਪਣੀਆਂ ਮਲਕੀਅਤਾਂ, ਦੇਹਾਂ ਅਤੇ ਪਛਾਣਾਂ 'ਤੇ ਮਾਣ ਕਰਦੇ ਹਾਂ, ਫਿਰ ਵੀ ਜਿਸਨੂੰ ਅਸੀਂ "ਮੇਰਾ" ਕਹਿੰਦੇ ਹਾਂ ਉਹ ਅਟੱਲ ਤੌਰ 'ਤੇ ਮਿੱਟੀ ਵਿਚ ਮਿਲ ਜਾਂਦਾ ਹੈ। ਖੁੱਲ੍ਹੇ ਹੱਥਾਂ ਪਈ ਰੇਤ ਵਾਂਗ, ਭਾਵੇਂ ਅਸੀਂ ਇਸਦੀ ਛਿੰਨ-ਭੰਗਰਤਾ ਨੂੰ ਪਛਾਣਦੇ ਹਾਂ, ਪਰ ਅਸੀਂ ਇਨ੍ਹਾਂ ਰੂਪਾਂ ਨਾਲ ਇੰਝ ਜੁੜੇ ਰਹਿੰਦੇ ਹਾਂ ਜਿਵੇਂ ਉਹ ਸਾਨੂੰ ਪਰਿਭਾਸ਼ਿਤ ਕਰਦੇ ਹੋਣ। ਸਿਆਣੇ ਵਿਅਕਤੀ ਇਸ ਧੋਖੇ ਨੂੰ ਸਮਝਦੇ ਹੋਏ, ਬਿਨ੍ਹਾਂ ਕਿਸੇ ਡਰ ਜਾਂ ਉਦਾਸੀਨਤਾ ਪਿਆਰ ਅਤੇ ਸੂਝ ਨਾਲ ਇਸ ਤੋਂ ਵੱਖ ਹੋਣ ਦੀ ਕਲਾ ਸਿੱਖ ਜਾਂਦੇ ਹਨ। ਉਹ ਮਹਿਸੂਸ ਕਰਦੇ ਹਨ ਕਿ ਬਾਹਰੀ ਸੰਸਾਰ ਉਪਰ ਸੱਚਮੁੱਚ ਕਬਜਾ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਸਨੇ ਮਿੱਟੀ ਹੋ ਜਾਣਾ ਹੈ। ਇਹ ਸਧਾਰਨ ਪਰ ਗੂੜ੍ਹ ਸੰਦੇਸ਼ ਸਾਨੂੰ ਤਾਕੀਦ ਕਰਦਾ ਹੈ ਕਿ ਅਸੀਂ ਇਸ ਨੂੰ ਛੱਡ ਉਸ ਅਟੱਲ ਸਥਿਰਤਾ ਵੱਲ ਵਾਪਸ ਚੱਲੀਏ ਜੋ ਕਦੇ ਗੁਆਚ ਨਹੀਂ ਸਕਦੀ।

ਉਪਜੈ ਨਿਪਜੈ ਨਿਪਜਿ ਸਮਾਈ ॥

ਸ੍ਰਿਸ਼ਟੀ ਦਾ ਹਰ ਪਹਿਲੂ ਉਪਜਦਾ, ਵਿਗਸਦਾ ਅਤੇ ਅੰਤ ਆਪਣੇ ਮੂਲ ਵਿਚ ਸਮਾ ਜਾਂਦਾ ਹੈ, ਜੋ ਕਿ ਹੋਂਦ ਦੀ ਛਿੰਨ-ਭੰਗਰਤਾ ਅਤੇ ਕਾਲ-ਚੱਕਰ ਸਰੂਪ ਦੀ ਯਾਦ ਦਿਵਾਉਂਦਾ ਹੈ।

ਨੈਨਹ ਦੇਖਤ ਇਹੁ ਜਗੁ ਜਾਈ ॥੧॥

ਅੱਖਾਂ ਨਾਲ ਦੇਖਣ ਦੇ ਬਾਵਜੂਦ ਸਥਿਰ ਜਾਪਦਾ ਸੰਸਾਰ, ਵਿਕਸਤ ਹੁੰਦਾ ਰਹਿੰਦਾ ਹੈ, ਇਹ ਦਰਸਾਉਂਦਾ ਹੈ ਕਿ ਦੋਨਾਂ ਰੂਪਾਂ ਵਿਚ ਬਦਲਾਵ ਅਟੱਲ ਅਤੇ ਸਥਿਰ ਹੈ। (੧)

ਲਾਜ ਨ ਮਰਹੁ ਕਹਹੁ ਘਰੁ ਮੇਰਾ ॥

ਇਹ ਦਾਵਾ ਕਰਦਿਆਂ ਹੋਇਆਂ ਕੀ ਇਹ ਮੇਰਾ ਘਰ ਹੈ, ਤੁਹਾਨੂੰ ਸ਼ਰਮਿੰਦਗੀ ਮਹਿਸੂਸ ਕਿਉਂ ਨਹੀਂ ਹੁੰਦੀ? ਇਹ ਪੜਤਲ 'ਮੈਂ' ਅਤੇ 'ਮੇਰਾ' ਦੀ ਪਛਾਣ ਨਾਲ ਜੁੜੀ ਮਲਕੀਅਤ ਦੀ ਭਰਮਮਈ ਹਉਮੈਂ ਦਾ ਸਾਹਮਣਾ ਕਰਦੀ ਹੈ।

ਅੰਤ ਕੀ ਬਾਰ ਨਹੀ ਕਛੁ ਤੇਰਾ ॥੧॥ ਰਹਾਉ ॥

ਆਖਰੀ ਪਲ ਕੁਝ ਵੀ ਤੁਹਾਡਾ ਨਹੀਂ ਹੋਵੇਗਾ, ਜੋ ਜੀਵਨ ਦੀ ਅਸਥਿਰਤਾ ਦੀ ਅਸਲੀਅਤ ਨੂੰ ਪ੍ਰਗਟ ਕਰਦਾ ਹੈ; ਮੌਤ ਦੌਰਾਨ, ਕੋਈ ਵੀ ਮੋਹ ਦਾ ਪੱਲਾ ਨਹੀਂ ਫੜ ਸਕਦਾ। (੧)(ਠਹਿਰਾਉ)

ਅਨਿਕ ਜਤਨ ਕਰਿ ਕਾਇਆ ਪਾਲੀ ॥

ਬੇਅੰਤ ਦੇਖਭਾਲ ਅਤੇ ਯਤਨਾਂ ਸਦਕਾ ਸਰੀਰ ਨੂੰ ਸੰਭਾਲਿਆ ਜਾਂਦਾ ਹੈ।

ਮਰਤੀ ਬਾਰ ਅਗਨਿ ਸੰਗਿ ਜਾਲੀ ॥੨॥

ਪਰ ਮੌਤ ਸਮੇਂ ਇਹ ਅੱਗ ਵਿਚ ਭਸਮ ਹੋ ਜਾਂਦਾ ਹੈ। (੨)

ਚੋਆ ਚੰਦਨੁ ਮਰਦਨ ਅੰਗਾ ॥
ਸਰੀਰ 'ਤੇ ਅਤਰ ਅਤੇ ਚੰਦਨ ਦਾ ਲੇਪ ਲਗਾਇਆ ਜਾਂਦਾ ਹੈ, ਜੋ ਨਾ ਸਿਰਫ਼ ਉਚ ਦਿਖਾਵੇ ਦਾ ਬਲਕਿ ਜੀਵਨ ਅਤੇ ਮੌਤ ਦੋਵਾਂ ਵਿਚ ਸ਼ੁੱਧਤਾ ਦੀਆਂ ਰਸਮਾਂ ਦਾ ਵੀ ਪ੍ਰਤੀਕ ਹੈ।

ਸੋ ਤਨੁ ਜਲੈ ਕਾਠ ਕੈ ਸੰਗਾ ॥੩॥
ਪਰ ਉਹੀ ਸਰੀਰ ਲੱਕੜ ਨਾਲ ਸੜਦਾ ਹੈ, ਜੋ ਸਾਡੀ ਪਛਾਣ ਦੀ ਭਾਵਨਾ ਦੀ ਨਾਜ਼ੁਕਤਾ ਅਤੇ ਭਰਮ ਦੀ ਯਾਦ ਦਿਵਾਉਂਦਾ ਹੈ। (੩)

ਕਹੁ ਕਬੀਰ ਸੁਨਹੁ ਰੇ ਗੁਨੀਆ ॥
ਕਬੀਰ ਕਹਿੰਦੇ ਹਨ, ਹੇ ਗੁਣਵਾਨ ਅਤੇ ਨੇਕ ਲੋਕੋ, ਸੁਣੋ!

ਬਿਨਸੈਗੋ ਰੂਪੁ ਦੇਖੈ ਸਭ ਦੁਨੀਆ ॥੪॥੧੧॥
ਸਰੀਰ ਬੱਘਾ ਪੈ ਜਾਂਦਾ ਹੈ, ਅਤੇ ਸਾਰਾ ਸੰਸਾਰ ਇਸਨੂੰ ਅੱਖਾਂ ਸਾਹਮਣੇ ਵਾਪਰਦਾ ਦੇਖਦਾ ਹੈ, ਜੋ ਇਹ ਸੱਚਾਈ ਪੇਸ਼ ਕਰਦਾ ਹੈ ਕਿ ਹਰ ਚੀਜ਼ ਬੁਢਾਪੇ ਅਤੇ ਮੌਤ ਦੇ ਅਧੀਨ ਹੈ; ਇਸਨੂੰ ਦੇਖਣ ਦੇ ਬਾਵਜੂਦ ਵੀ, ਬਹੁਤ ਘੱਟ ਇਸ ਤੋਂ ਸਿੱਖਦੇ ਹਨ। (੪)(੧੧)

ਤੱਤ: ਭਗਤ ਕਬੀਰ ਆਪਣਾ ਕਾਲ ਅਤੀਤ ਬਿਬੇਕ ਉਨ੍ਹਾਂ ਨਾਲ ਸਾਂਝਾ ਕਰਦੇ ਹਨ ਜੋ ਸਤਿ ਨੂੰ ਸੱਚਮੁੱਚ ਪ੍ਰਾਪਤ ਕਰਨ ਲਈ ਤਿਆਰ ਹਨ। ਉਹ ਕਹਿੰਦੇ ਹਨ ਕਿ ਮਨੁੱਖੀ ਸਰੀਰ ਦਾ ਪਾਲਣ-ਪੋਸ਼ਣ ਕਰ, ਇਸ ਨੂੰ ਸਜਾਇਆ ਜਾਂਦਾ ਹੈ ਅਤੇ ਬਹੁਤ ਦੇਖਭਾਲ ਕਰ ਸੁਰੱਖਿਅਤ ਵੀ ਰੱਖਿਆ ਜਾਂਦਾ ਹੈ। ਕਈ ਤਰ੍ਹਾਂ ਦੇ ਸ਼ਿੰਗਾਰ, ਜਿਵੇਂ ਕਿ ਸੁਗੰਧਿਤ ਤੇਲ, ਚੰਦਨ ਦਾ ਲੇਪ, ਅਤੇ ਵਧੀਆ ਕੱਪੜੇ, ਸਰੀਰ ਨੂੰ ਸੁਹਾਵਣਾ ਦਿਖਾਉਣ ਲਈ ਵਰਤੇ ਜਾਂਦੇ ਹਨ, ਅਤੇ ਕਈ ਪਰੰਪਰਾਵਾਂ ਵਿਚ ਰਸਮਾਂ ਰਾਹੀਂ ਇਸਦਾ ਸ਼ੁੱਧੀਕਰਨ ਅਤੇ ਸਤਿਕਾਰ ਵੀ ਕੀਤਾ ਜਾਂਦਾ ਹੈ। ਉਹ ਸਾਨੂੰ ਯਾਦ ਦਿਵਾਉਂਦੇ ਹਨ ਕਿ ਇਹੀ ਸਰੀਰ, ਭਾਵੇਂ ਕਿੰਨੀ ਵੀ ਸੰਜੀਦਗੀ ਨਾਲ ਪਾਲਿਆ ਅਤੇ ਸੁਰੱਖਿਅਤ ਰੱਖਿਆ ਜਾਵੇ,  ਇਸ ਦਾ ਮੌਤ ਸਮੇਂ ਸੁਆਹ ਵਿਚ ਬਦਲਣਾ ਤੈਅ ਹੈ। ਅਸੀਂ ਆਪਣਾ ਜੀਵਨ ਪਛਾਣ, ਨਾਮ, ਭੂਮਿਕਾਵਾਂ ਅਤੇ ਬੁਲੰਦੀਆਂ ਪ੍ਰਾਪਤ ਕਰਨ ਵਿਚ ਬਤੀਤ ਕਰਦੇ ਹਾਂ, ਪਰ

ਇਹ ਸਾਰੀਆਂ ਪ੍ਰਾਪਤੀਆਂ ਅੰਤ ਵਿਚ ਫਿੱਕੀਆਂ ਪੈ ਜਾਣਗੀਆਂ। ਜਦੋਂ ਕਿ ਅਸੀਂ ਸਾਰੇ ਬੁਢਾਪੇ ਅਤੇ ਮੌਤ ਦੇ ਗਵਾਹ ਹਾਂ, ਬਹੁਤ ਘੱਟ ਲੋਕ ਜੀਵਨ ਦੀ ਅਸਥਿਰਤਾ ਦੇ ਵਧੇਰੇ ਡੂੰਘੇ ਸੱਚ ਲਈ ਜਾਗਦੇ ਹਨ।

---

ਪਹਿਲਕਦਮੀ

**Oneness In Diversity Research Foundation**
ਵੈੱਬਸਾਈਟ**: OnenessInDiversity.com**

ਈਮੇਲ**: onenessindiversityfoundation@gmail.com**